ਜਾਂਦਾ ਹੈ।

Tender Heart High school

Class-6

Ramandeep Kaur

# 7. ਦੁਸਹਿਰਾ

**ਜਾਣ-ਪਛਾਣ** - ਭਾਰਤ ਮੇਲਿਆਂ ਅਤੇ ਤਿਉਹਾਰਾਂ ਦੀ ਧਰਤੀ ਹੈ। ਭਾਰਤ ਦੇ ਤਿਉਹਾਰਾਂ ਵਿੱਚੋਂ ਦੁਸਹਿਰਾ ਇੱਕ ਪ੍ਰਸਿੱਧ ਤਿਉਹਾਰ ਹੈ। ਇਹ ਤਿਉਹਾਰ ਅਕਤੂਬਰ ਵਿੱਚ ਸਾਰੇ ਭਾਰਤ ਵਿੱਚ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ।

**ਇਤਿਹਾਸਕ ਪਿੱਛੋਕੜ** - ਇਸ ਦਿਨ ਸ੍ਰੀ ਰਾਮ ਚੰਦਰ ਜੀ ਨੇ ਲੰਕਾ ਦੇ ਰਾਜੇ ਰਾਵਣ ਨੂੰ ਮਾਰ ਕੇ ਸੀਤਾ ਜੀ ਨੂੰ ਉਸਦੇ ਪੰਜੇ 'ਚੋਂ ਅਜ਼ਾਦ ਕਰਾਇਆ ਸੀ।

**ਰਾਮ-ਲੀਲ੍ਹਾ ਹੋਣੀ** - ਦੁਸਹਿਰੇ ਤੋਂ ਦਸ ਦਿਨ ਪਹਿਲਾਂ ਰਾਮ-ਲੀਲ੍ਹਾ ਖੇਡੀ ਜਾਂਦੀ ਹੈ। ਇਸ ਰਾਮ-ਲੀਲ੍ਹਾ ਵਿੱਚ ਸ੍ਰੀ ਰਾਮ ਜੀ ਦੇ ਜੀਵਨ ਨੂੰ ਦਸ ਭਾਗਾਂ ਵਿੱਚ ਵੰਡ ਕੇ ਵਿਖਾਇਆ ਜਾਂਦਾ ਹੈ। ਲੋਕ ਅੱਧੀ-ਅੱਧੀ ਰਾਤ ਤੱਕ ਬੈਠ ਕੇ ਇਸਦਾ ਅਨੰਦ ਮਾਣਦੇ ਹਨ।

Class - 6

ਲੇਖ ਰਚਨਾ

Ramandeep Kaur

**ਸ਼ਾਮ ਦਾ ਨਜ਼ਾਰਾ** - ਸ਼ਾਮ ਨੂੰ ਦੁਸਹਿਰੇ ਵਾਲੀ ਥਾਂ 'ਤੇ ਇੰਨੀ ਭੀੜ ਹੁੰਦੀ ਹੈ ਕਿ ਲੰਘਣਾ ਵੀ ਮੁਸ਼ਕਲ ਹੋ ਜਾਂਦਾ ਹੈ।

ਲੋਕ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਖਾਂਦੇ ਤੇ ਮੇਲੇ ਦਾ ਅਨੰਦ ਮਾਣਦੇ ਹਨ। ਸ਼ਾਮੀਂ ਪੁਤਲਿਆਂ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ ਤੇ ਪਟਾਕਿਆਂ ਦੀ ਠਾਹ-ਠਾਹ ਦੀ ਅਵਾਜ਼ ਨਾਲ ਅਸਮਾਨ ਗੂੰਜ ਉੱਠਦਾ ਹੈ। ਸਾਰੇ ਲੋਕ ਇਸ ਦ੍ਰਿਸ਼ ਨੂੰ ਬੜੇ ਚਾਅ ਨਾਲ ਵੇਖਦੇ ਹਨ।

**ਝਾਕੀਆਂ ਦਾ ਆਉਣਾ** - ਦੁਸਹਿਰਾ ਗਰਾਊਂਡ ਵਿੱਚ ਸਭ ਤੋਂ ਪਹਿਲਾਂ ਸ੍ਰੀ ਰਾਮ ਜੀ, ਲਛਮਣ, ਹਨੂੰਮਾਨ ਜੀ ਤੇ ਹੋਰ ਬਾਨਰ ਸੈਨਾ ਦੀ ਝਾਕੀ ਪੁੱਜਦੀ ਹੈ। ਉਹ ਮੈਦਾਨ ਦਾ ਚੱਕਰ ਲਗਾਉਂਦੇ ਹਨ। ਲੋਕ ਸ੍ਰੀ ਰਾਮ ਜੀ ਦੇ ਨਾਂ ਦੇ ਜੈਕਾਰੇ ਲਗਾਉਂਦੇ ਹਨ। ਉਨ੍ਹਾਂ ਤੋਂ ਬਾਅਦ ਰਾਵਣ ਰੱਥ 'ਤੇ ਸਵਾਰ ਹੋ ਕੇ ਠਹਾਕੇ ਮਾਰਦਾ ਮੈਦਾਨ ਦਾ ਚੱਕਰ ਲਗਾਉਂਦਾ ਹੈ।

**ਲੜਾਈ ਦਾ ਦ੍ਰਿਸ਼** - ਸ੍ਰੀ ਰਾਮ ਅਤੇ ਰਾਵਣ ਦੀਆਂ ਫੌਜਾਂ ਦਰਮਿਆਨ ਨਕਲੀ ਲੜਾਈ ਹੁੰਦੀ ਹੈ। ਰਾਵਣ ਦੀ ਸਾਰੀ ਸੈਨਾ ਮਾਰੀ ਜਾਂਦੀ ਹੈ। ਫਿਰ ਸ੍ਰੀ ਰਾਮ ਤੇ ਰਾਵਣ ਵਿਚਕਾਰ ਯੁੱਧ ਹੁੰਦਾ ਹੈ। ਅੰਤ ਰਾਵਣ ਵੀ ਮਾਰਿਆ ਜਾਂਦਾ ਹੈ। ਬੁਰਾਈ ਤੇ ਨੇਕੀ ਦੀ ਜਿੱਤ ਹੁੰਦੀ ਹੈ।

**ਘਰਾਂ ਨੂੰ ਵਾਪਸੀ** - ਹਨੇਰਾ ਪੈਣ ਤੋਂ ਪਹਿਲਾਂ-ਪਹਿਲਾਂ ਲੋਕ ਘਰਾਂ ਨੂੰ ਪਰਤ ਆਉਂਦੇ ਹਨ। ਸਾਨੂੰ ਹਰ ਸਾਲ ਹੀ ਇਸ ਤਿਉਹਾਰ ਦੀ ਉਡੀਕ ਰਹਿੰਦੀ ਹੈ।